# ਪੰਜਾਬੀ ਭਾਸ਼ਾ ਵਿਕਾਸ ਵਿਭਾਗ
## ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)

ਨੰਬਰ..1064/ਡੀ.ਪੀ.ਡੀ.
ਮਿਤੀ 18-11-2024

ਡੀਨ, ਕਾਲਜ ਵਿਕਾਸ ਕੌਂਸਲ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

**ਵਿਸ਼ਾ:- ਕਾਨਫਰੰਸ ਵਿੱਚ ਖੋਜ-ਪੱਤਰ ਪੇਸ਼ ਕਰਨ ਲਈ ਪੱਤਰ ਸਰਕੂਲੇਟ ਕਰਨ ਸੰਬੰਧੀ।**

ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਉਪਕੁਲਪਤੀ ਸਾਹਿਬ ਜੀ ਦੀ ਪ੍ਰਵਾਨਗੀ ਹੇਠ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਪੰਜਾਬੀ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਮਿਤੀ **10 ਤੋਂ 12 ਦਸੰਬਰ 2024** ਨੂੰ **'ਪੰਜਾਬੀ ਸਮਾਜ ਦੀ ਇਤਿਹਾਸਿਕ ਪਰੰਪਰਾ: ਸਮਕਾਲੀਨ ਪ੍ਰਸੰਗਿਕਤਾ'** ਵਿਸ਼ੇ ਅਧੀਨ **36ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ ਦਾ ਆਯੋਜਨ** ਕੀਤਾ ਜਾ ਰਿਹਾ ਹੈ।

ਇਸ ਕਾਨਫਰੰਸ ਵਿੱਚ ਖੋਜ-ਪੱਤਰ ਪੇਸ਼ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਸ ਲਈ ਡੀਨ, ਕਾਲਜ ਵਿਕਾਸ ਕੌਂਸਲ ਨੂੰ ਬੇਨਤੀ ਹੈ ਕਿ ਨਾਲ ਨੱਥੀ-ਪੱਤਰ ਨੂੰ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਿਤ ਕਾਲਜਾਂ ਦੇ ਈ-ਮੇਲ ਪਤਿਆਂ 'ਤੇ ਸਰਕੂਲੇਟ ਕਰਨ ਦੀ ਕਿਰਪਾਲਤਾ ਕਰਨਾ ਜੀ।

ਧੰਨਵਾਦ ਸਹਿਤ

**ਨੱਥੀ: ਵੱਖ-ਵੱਖ ਕਾਲਜਾਂ ਨੂੰ ਜਾਣ ਵਾਲਾ ਪੱਤਰ**

ਪਰਮਿੰਦਰਜੀਤ ਕੌਰ
ਮੁਖੀ
18/11/24

847/ਡੀਨ ਕਾ.ਵਿ.ਕੌਂ.
18/11/24

Pls. circulate among all colleges.

18/11/2024

Office Asstt.

**Department of Development of Punjabi Language**
**Punjabi University**
**Patiala**

(Established under Punjab Act No. 35 of 1961)

**ਪੰਜਾਬੀ ਭਾਸ਼ਾ ਵਿਕਾਸ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**
☎ 0175-3046460, 3046461 (O)
E.mail : head.dpd@gmail.com

**ਡਾ. ਪਰਮਿੰਦਰਜੀਤ ਕੌਰ**
**ਮੁਖੀ,**
**ਪੰਜਾਬੀ ਭਾਸ਼ਾ ਵਿਕਾਸ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**
**ਮੋਬਾਇਲ:** 9501224000
**ਦਫ਼ਤਰ:** 0175-5136460
**ਈਮੇਲ:** headofdpd@pbi.ac.in

ਅ.ਸ.ਪ. ਨੰਬਰ:......................
ਮਿਤੀ:..............................

ਮੈਨੂੰ ਆਪ ਜੀ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਅਥਾਹ ਖ਼ੁਸ਼ੀ ਹੋ ਰਹੀ ਹੈ ਕਿ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਹਰ ਸਾਲ ਕਰਵਾਈ ਜਾਂਦੀ **ਪੰਜਾਬੀ ਵਿਕਾਸ ਕਾਨਫਰੰਸ ਦੀ ਲੜੀ** ਤਹਿਤ **36ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ** ਮਿਤੀ **10-12 ਦਸੰਬਰ 2024** ਨੂੰ ਯੂਨੀਵਰਸਿਟੀ ਕੈਂਪਸ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਸਰਬ-ਪੱਖੀ ਵਿਕਾਸ ਨੂੰ ਸਮਰਪਿਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਪਣੀਆਂ ਅਕਾਦਮਿਕ ਸਰਗਰਮੀਆਂ ਦੇ ਨਾਲ-ਨਾਲ ਸਮਕਾਲੀ ਪੰਜਾਬੀ ਸਮਾਜ ਨੂੰ ਦਰਪੇਸ਼ ਚੁਣੌਤੀਆਂ ਬਾਰੇ ਗੰਭੀਰ ਵਿਚਾਰ ਚਰਚਾ ਲਈ ਨਿਰੰਤਰ ਯਤਨਸ਼ੀਲ ਹੈ।

ਮੌਜੂਦਾ ਪੰਜਾਬ ਦੇ ਦਰਪੇਸ਼ ਅਨੇਕਾਂ ਮਸਲੇ ਹਨ ਜੋ ਚਿੰਤਾ ਦੇ ਨਾਲ-ਨਾਲ ਚਿੰਤਨ ਦੀ ਮੰਗ ਵੀ ਕਰਦੇ ਹਨ। ਕਿਸਾਨਾਂ ਨਾਲ ਜੁੜੀਆਂ ਸਮੱਸਿਆਵਾਂ, ਪਰਵਾਸ ਦੀ ਹੋੜ, ਨਸ਼ਾਖੋਰੀ, ਬੇਰੁਜ਼ਗਾਰੀ, ਪ੍ਰਦੂਸ਼ਿਤ ਵਾਤਾਵਰਨ ਤੇ ਆਲਮੀ ਤਪਸ਼, ਘੱਟ ਰਹੇ ਪਾਣੀ, ਸੜਕੀ ਹਾਦਸੇ, ਪਹੁੰਚ ਤੋਂ ਦੂਰ ਹੁੰਦੀ ਜਾ ਰਹੀ ਸਿੱਖਿਆ, ਸਿਹਤ ਸਹੂਲਤਾਂ ਦੀ ਘਾਟ, ਰਿਸ਼ਤਾ-ਨਾਤਾ ਪ੍ਰਬੰਧ ਦਾ ਬਦਲਦਾ ਸਰੂਪ, ਵੱਧ ਰਹੀ ਅਸਹਿਣਸ਼ੀਲਤਾ ਅਤੇ ਨਵੀਂ ਤਕਨਾਲੋਜੀ ਵਰਗੇ ਬਹੁਤ ਸਾਰੇ ਮੁੱਦੇ ਅਤੇ ਮਸਲੇ ਪੰਜਾਬੀ ਸਮਾਜ ਲਈ ਗੰਭੀਰ ਸੋਚ-ਵਿਚਾਰ ਦੀ ਮੰਗ ਕਰਦੇ ਹਨ। ਇਹਨਾਂ 'ਤੇ ਗੰਭੀਰ ਚਿੰਤਨ ਦੀ ਲੋੜ ਭਾਸਦੀ ਹੈ। ਇਸ ਕਾਨਫਰੰਸ ਦੇ ਮਾਧਿਅਮ ਰਾਹੀਂ ਉਪਰੋਕਤ ਮੁੱਦੇ ਅਤੇ ਭਵਿਖ ਦੇ ਵਿਕਾਸ ਲਈ ਦ੍ਰਿਸ਼ਟੀਕੋਣ ਨੂੰ ਖੋਜਣਾ ਸਾਡਾ ਮੁੱਖ ਮਨੋਰਥ ਹੈ। ਇਹਨਾਂ ਸਮੱਸਿਆਵਾਂ ਦਾ ਸਾਰਥਕ ਹੱਲ ਸਿਰਫ਼ ਸੰਵਾਦ ਹੈ। ਸਾਡੇ ਕੋਲ ਗੌਰਵਮਈ ਇਤਿਹਾਸਿਕ ਪਰੰਪਰਾ ਹੈ, ਜਿਸ ਰਾਹੀਂ ਅਸੀਂ ਨਵੇਂ ਰਾਹ ਤਲਾਸ਼ ਸਕਦੇ ਹਾਂ। ਇਸੇ ਉਦੇਸ਼ ਦੀ ਪੂਰਤੀ ਲਈ ਇਸ ਕਾਨਫਰੰਸ ਦਾ ਵਿਸ਼ਾ **'ਪੰਜਾਬੀ ਸਮਾਜ ਦੀ ਇਤਿਹਾਸਿਕ ਪਰੰਪਰਾ : ਸਮਕਾਲੀਨ ਪ੍ਰਸੰਗਿਕਤਾ'** ਰੱਖਿਆ ਗਿਆ ਹੈ।

ਆਪ ਜੀ ਨੂੰ ਬੇਨਤੀ ਹੈ ਕਿ ਆਪ ਜੀ ਆਪਣੇ ਕਾਲਜ ਦੀਆਂ ਸਾਰੀਆਂ ਫ਼ੈਕਲਟੀਆਂ ਦੇ ਸਮੂਹ ਅਧਿਆਪਕਾਂ ਨੂੰ ਇਸ ਕਾਨਫਰੰਸ ਲਈ ਖੋਜ-ਪੱਤਰ ਲਿਖਣ ਲਈ ਸੂਚਿਤ ਕਰਨ ਦੀ ਖੇਚਲ ਕਰਨਾ ਜੀ ਤਾਂ ਜੋ ਉਹ ਆਪਣੇ ਮੂਲ ਵਿਸ਼ੇ ਨੂੰ ਕਾਨਫਰੰਸ ਦੇ ਵਿਸ਼ੇ ਨਾਲ ਜੋੜ ਕੇ **ਖੋਜ-ਪੱਤਰ** ਪੇਸ਼ ਕਰਨ ਦੀ ਕਿਰਪਾਲਤਾ ਕਰਨ। ਕਾਨਫਰੰਸ ਦੀ ਪ੍ਰਥਾ ਅਨੁਸਾਰ ਖੋਜ-ਪੱਤਰ ਫੋਟੋਸਟੇਟ ਕਰਵਾ ਕੇ ਮੌਜੂਦ ਡੈਲੀਗੇਟਾਂ ਨੂੰ ਮੌਕੇ 'ਤੇ ਵੰਡਿਆ ਜਾਂਦਾ ਹੈ, ਇਸ ਲਈ ਬੇਨਤੀ ਹੈ ਕਿ ਖੋਜ-ਪੱਤਰ ਪੇਸ਼ ਕਰਨ ਵਾਲੇ ਵਿਦਵਾਨ ਆਪਣੇ ਖੋਜ-ਪੱਤਰ ਦਾ **ਸੰਖੇਪ-ਸਾਰ** ਕਿਸੇ ਵੀ ਪੰਜਾਬੀ ਫੌਂਟ ਵਿੱਚ ਟਾਈਪ ਕਰਕੇ ਮਿਤੀ **01 ਦਸੰਬਰ, 2024** ਤੱਕ ਸਾਡੇ ਈ-ਮੇਲ headofdpd@gmail.com ਜਾਂ headofdpd@pbi.ac.in 'ਤੇ ਭੇਜਣ ਦੀ ਕਿਰਪਾਲਤਾ ਕਰਨ ਜੀ ਤਾਂ ਜੋ ਸੰਖੇਪ-ਸਾਰ ਦਾ ਪੜਚੋਲ ਕਰਨ ਉਪਰੰਤ ਲੇਖਕ ਤੋਂ ਸੰਪੂਰਨ ਖੋਜ-ਪੱਤਰ ਮੰਗਵਾਇਆ ਜਾ ਸਕੇ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਫ਼ੋਨ ਨੰਬਰ 0175-5136460 'ਤੇ ਸੰਪਰਕ ਕਰਨ ਦੀ ਖੇਚਲ ਕਰਨੀ ਜੀ।

ਸਹਿਯੋਗ ਦੀ ਆਸ ਵਿਚ,

ਹਿਤੂ,

ਪਰਮਿੰਦਰਜੀਤ ਕੌਰ

**ਪਰਮਿੰਦਰਜੀਤ ਕੌਰ (ਡਾ.)**